ਦਫਤਰ, ਜਿਲਾ ਸਿਖਿਆ ਅਫਸਰ, (ਸੈਸਿ), ਅਮ੍ਰਿੰਤਸਰ

ਵੱਲ,
(1) ਪ੍ਰਿੰਸੀਪਲ,
ਸਸਸਸ, ਛੱਜਲਵੱਡੀ, ਅਮ੍ਰਿੰਤਸਰ।
(2) ਪ੍ਰਿੰਸੀਪਲ,
ਸਸਸਸ, ਜੱਬੋਵਾਲ, ਅਮ੍ਰਿੰਤਸਰ।

ਮੀਮੋ ਨੰਬਰ ਲੇ-7/16/ 21158-59
ਮਿਤੀ 1/11/16

ਵਿਸਾ ਸਿਵਲ ਰਿੱਟ ਪਟੀਸ਼ਨ ਨੰਬਰ 5585 ਆਫ 2015 ਹਰਦੀਪ ਸਿੰਘ, ਰਿਟਾ ਮੁੱਖ-ਅਧਿਆਪਕ ਅਤੇ ਹੋਰ ਬਨਾਮ ਪੰਜਾਬ ਸਰਕਾਰ ਦੇ ਸਬੰਧ ਵਿਚ।

ਹਵਾਲਾ ਇਸ ਦਫਤਰ ਦੇ ਹੁਕਮ ਨੰਬਰ ਏ-7/16/21150-56 ਮਿਤੀ 28/10/2016 ਦੇ ਸਬੰਧ ਵਿਚ।

ਉਚੇਰੀ ਆਸਾਮੀ ਤੇ ਕੰਮ ਕਰਨ ਵਾਲੇ ਸਮੂਹ ਕਰਮਚਾਰੀਆ ਨੂੰ ਉਚੇਰੀ ਅਸਾਮੀ ਤੇ ਕੰਮ ਕਰਨ ਬਦਲੇ ਬਣਦਾ ਲਾਭ ਦੇਣ ਹਿੱਤ ਪੰਜਾਬ ਸਰਕਾਰ/ਸਿਖਿਆ ਵਿਭਾਗ, (ਸਕੂਲਜ), ਪੰਜਾਬ, ਡਾਇਰੈਕਟਰ ਸਿਖਿਆ ਵਿਭਾਗ, (ਸੈਸਿ), ਪੰਜਾਬ ਅਤੇ ਦਫਤਰ ਜਿਲਾ ਸਿਖਿਆ ਅਫਸਰ, (ਸੈਸਿ), ਅਮ੍ਰਿੰਤਸਰ ਵਲੋ ਸਪੀਕਿੰਡ ਆਡਰ ਜਾਰੀ ਕੀਤੇ ਜਾਦੇ ਰਹੇ ਹਨ ਜਿਸ ਕਰਨ ਐਸੇ ਸਮੂਹ ਪਟੀਸ਼ਨਰਜ ਅਤੇ ਸਬੰਧਤ ਕਰਮਚਾਰੀਆ ਨੂੰ ਉਹਨਾ ਦਾ ਬਣਦਾ ਲਾਭ ਦਿਤਾ ਗਿਆ ਜਾ ਚੁੱਕਾ ਹੈ। ਇਸ ਸਬੰਧ ਵਿਚ ਪੰਜਾਬ ਸਰਕਾਰ, ਸਿਖਿਆ ਵਿਭਾਗ, (ਸ), ਪੰਜਾਬ ਦੇ ਪੱਤਰ ਨੰਬਰ 15/42-2014 ਕੋ ਸੈਲ (1)/121 ਮਿਤੀ 27/4/15 ਅਤੇ ਜਿਸਿਅ (ਸੈਸਿ), ਅਮ੍ਰਿੰਤਸਰ ਦੇ ਪਿਠ ਅੰਕਨ ਨੰਬਰ 5268-5471 ਮਿਤੀ 21/5/15 ਰਾਹੀ ਉਚੇਰੀ ਅਸਾਮੀ ਤੇ ਕੰਮ ਕਰਨ ਬਦਲੇ ਬਣਦਾ ਲਾਭ ਜਾਰੀ ਕਰਨ ਹਿੱਤ ਫੈਸਲਾ ਜਨੇਲਾਈਜ ਵੀ ਕਰ ਦਿਤਾ ਗਿਆ ਸੀ।

ਉਪ੍ਰੋਕਤ ਸਿਵਲ ਰਿੱਟ ਵਿਚ ਵੀ ਇਸ ਜਿਲੇ ਨਾਲ ਸਬੰਧਤ ਸਮੂਹ ਪਟੀਸ਼ਨਰਜ ਨੂੰ ਉਹਨਾ ਦੇ ਸਕੂਲ ਮੁੱਖੀਆ ਵਲੋ ਬਣਦਾ ਲਾਭ ਜਾਰੀ ਕਰ ਦਿਤਾ ਗਿਆ ਲੇਕਨ ਸ੍ਰੀ ਸੰਤੋਖ ਸਿੰਘ, ਲੈਕਚਰਾਰ, ਸਸਸਸ, ਜਬੋਵਾਲ ਅਤੇ ਸ੍ਰੀ ਹਰਨੇਕ ਸਿੰਘ, ਲੈਕਚਰਾਰ, ਸਸਸਸ, ਛੱਜਲਵੱਡੀ ਆਪ ਜੀ ਦੇ ਸਕੂਲਾ ਵਿਚ ਬਤੌਰ ਡੀ.ਡੀ.ਓ ਇੰਚਾਰਜ ਕੰਮ ਕਰਦੇ ਰਹੇ ਹਨ, ਨੂੰ ਉਹਨਾ ਦਾ ਬਣਦਾ ਲਾਭ ਆਪ ਵਲੋ ਦਿਤਾ ਜਾਣਾ ਸੀ ਲੇਕਨ ਨਹੀ ਦਿਤਾ ਗਿਆ, ਹੁਣ ਇਸ ਸਿਵਲ ਰਿੱਟ ਵਿਚ ਕੰਟੈਪਟ ਹੋ ਜਾਣ ਕਾਰਣ ਪਟੀਸ਼ਨਰਾ ਨੂੰ ਉਹਨਾ ਦਾ ਬਣਦਾ ਲਾਭ ਫੌਰੀ ਦਿਤਾ ਜਾਣਾ ਬਣਦਾ ਹੈ।

ਇਸ ਦਫਤਰ ਵਲੋ ਹਵਾਲਾ ਅਧੀਨ ਪੱਤਰ ਰਾਹੀ ਸਪੀਕਿੰਗ ਆਡਰ ਜਾਰੀ ਕਰਕੇ ਆਪ ਜੀ ਨੂੰ ਲਿਖਿਆ ਜਾਦਾ ਹੈ ਕਿ ਆਪ ਫੌਰੀ ਤੌਰ ਤੇ ਇਹਨਾ ਪਟੀਸ਼ਨਰਾ ਦੇ ਬਣਦੇ ਬਕਾਏ ਦੇ ਬਿਲ ਤਿਆਰ ਕਰਕੇ ਖਜਾਨੇ ਵਿਚ ਭੇਜਣ ਦੀ ਖੇਚਲ ਕਰੋ। ਅਤੇ ਆਪ ਅੱਜ ਹੀ ਇਸ ਦਫਤਰ ਵਿਖੇ ਪਹੁੰਚਣ ਦੀ ਖੇਚਲ ਕਰੋ ਤਾ ਜੋ ਪਟੀਸ਼ਨਰਜ ਨੂੰ ਉਹਨਾ ਦਾ ਬਣਦਾ ਲਾਭ ਜਲਦ ਜਾਰੀ ਕਰਨ ਸਬੰਧੀ ਕੀਤੀ ਜਾਣ ਵਾਲੀ ਕਾਰਵਾਈ ਸਬੰਧੀ ਵਿਚਾਰ ਕੀਤਾ ਜਾ ਸਕੇ।

ਜਿਲਾ ਸਿਖਿਆ ਅਫਸਰ, (ਸੈਸਿ),
ਅਮ੍ਰਿੰਤਸਰ।